# Punjabi Compulsory(Elementary Punjabi)
(For Foreign students and other states students out of Punjab)-C

Semester-II

**Time Allowed : 03 Hours** **M.M : 50**

## Section-A

AI

1) ਵਾਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

ਜਾਂ

ਪੰਜ ਸਧਾਰਨ ਵਾਕ ਲਿਖੋ।

2) ਪੰਜ ਬਿਆਨੀਆ ਵਾਕ ਲਿਖੋ।

ਜਾਂ

ਪੰਜ ਸੰਯੁਕਤ ਵਾਕ ਲਿਖੋ।

3) ਪੰਜ ਨਾਂਹ ਵਾਚਕ ਵਾਕ ਲਿਖੋ।

ਜਾਂ

ਪੰਜ ਮਿਸ਼ਰਤ ਵਾਕ ਲਿਖੋ। 5x3=15

AII

4) 6 ਤੋਂ ਲੈ ਕੇ 10 ਤਕ ਦੇ ਅੰਕਾਂ ਨੂੰ ਪੰਜਾਬੀ ਸ਼ਬਦਾਂ ਵਿੱਚ ਲਿਖੋ।

ਜਾਂ

16 ਤੋਂ ਲੈ ਕੇ 20 ਤਕ ਦੇ ਅੰਕਾਂ ਨੂੰ ਪੰਜਾਬੀ ਸ਼ਬਦਾਂ ਵਿੱਚ ਲਿਖੋ।

5) ਰਿਸ਼ਤਾ-ਨਾਤਾ ਪ੍ਰਬੰਧ ਦੇ ਪੰਜ ਸ਼ਬਦ ਲਿਖੋ।

ਜਾਂ

ਖਾਣ ਵਾਲੀਆਂ ਵਸਤਾਂ ਦੇ ਪੰਜ ਨਾਂ ਲਿਖੋ।

6) ਪੰਜ ਫ਼ਸਲਾਂ ਦੇ ਨਾਂ ਲਿਖੋ।

ਜਾਂ

ਪੰਜ ਜਾਤਾਂ ਦੇ ਨਾਂ ਲਿਖੋ। 5x3=15

## Section-B

BI

7) ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰੋ :
Festival, Culture, Cycle, Colour, Technology, Transport, Elementary, Introduction , Peacock, Skyblue

ਜਾਂ

ਹੇਠ ਲਿਖੇ ਸ਼ਬਦਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰੋ :
ਲੋਕਧਾਰਾ, ਇਤਿਹਾਸ, ਉਦਯੋਗ, ਵਿੱਦਿਆ, ਸਮਾਰੋਹ, ਉਚਾਰਨ, ਵਿਅੰਜਨ, ਵਿਆਕਰਨ, ਭਾਸ਼ਾ ਵਿਗਿਆਨ, ਮਨੋਵਿਗਿਆਨ

10

BII

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਭੰਗੜਾ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਹੈ। ਇਹ ਗੱਭਰੂਆਂ ਦਾ ਨਾਚ ਹੈ। ਇਸ ਨਾਚ ਦਾ ਸਬੰਧ ਕਣਕ ਦੀ ਫ਼ਸਲ ਨਾਲ ਹੈ। ਕਿਸਾਨ ਜਦੋਂ ਆਪਣੀ ਪੱਕੀ ਹੋਈ ਫ਼ਸਲ ਨੂੰ ਵੇਖਦਾ ਹੈ ਤਾਂ ਉਹ ਖੁਸ਼ੀ ਵਿੱਚ ਨੱਚਦਾ ਹੈ ਅਤੇ ਗਾਉਂਦਾ ਹੈ। ਇਸ ਨਾਚ ਦਾ ਸਬੰਧ ਵਿਸਾਖੀ ਦੇ ਤਿਓਹਾਰ ਨਾਲ ਵੀ ਹੈ। ਕਿਸਾਨ ਆਪਣੀ ਫ਼ਸਲ ਦੀ ਕਟਾਈ ਤੋਂ ਬਾਅਦ ਵੇਚ ਕੇ ਵਿਹਲਾ ਹੋ ਜਾਂਦਾ ਹੈ। ਉਹ ਨਵੇਂ ਕੱਪੜੇ ਅਤੇ ਗਹਿਣੇ ਪਾ ਕੇ ਵਿਸਾਖੀ ਦੇ ਮੇਲੇ ਵਿੱਚ ਜਾਂਦਾ ਹੈ। ਉਹ ਆਪਣੇ ਯਾਰਾਂ ਦੋਸਤਾਂ ਨਾਲ ਰਲ ਕੇ ਭੰਗੜਾ ਨਾਚ ਕਰਦਾ ਹੈ।

1) ਪੰਜਾਬ ਦੇ ਲੋਕ ਨਾਚ ਦਾ ਕੀ ਨਾਂ ਹੈ?
2) ਭੰਗੜਾ ਨਾਚ ਦਾ ਸਬੰਧ ਕਿਹੜੀ ਫ਼ਸਲ ਨਾਲ ਹੈ?
3) ਕਿਸਾਨ ਕਿਉਂ ਨੱਚਦਾ ਅਤੇ ਗਾਉਂਦਾ ਹੈ?
4) ਭੰਗੜਾ ਨਾਚ ਦਾ ਸਬੰਧ ਕਿਹੜੇ ਤਿਓਹਾਰ ਨਾਲ ਹੈ?
5) ਕਿਸਾਨ ਨਵੇਂ ਕੱਪੜੇ ਅਤੇ ਗਹਿਣੇ ਪਾ ਕੇ ਕਿੱਥੇ ਜਾਂਦਾ ਹੈ?

10